# ਅਧਿਆਇ 36

# ਵਾਰਸਣ ਦਾ ਵਿਆਹ

ਗਿਣਤੀ ਦੀ ਪੁਸਤਕ ਇਹ ਦੱਸਣ ਦੁਆਰਾ ਖਤਮ ਹੁੰਦੀ ਹੈ ਕਿ ਕਿਵੇਂ ਪਰਮੇਸ਼ੁਰ ਨੇ ਧਰਤੀ ਦੀ ਮਿਲਖ ਬਾਰੇ ਇਕ ਬਿਧੀ ਵਿਚ ਤਬਦੀਲੀ ਕਰਕੇ ਮੂਸਾ ਦੇ ਲਈ ਸਵਾਲ ਦਾ ਜਵਾਬ ਦਿੱਤਾ ਸੀ। ਜਦੋਂ ਮੂਸਾ ਉਸ ਸਵਾਲ ਨੂੰ ਪਰਮੇਸ਼ੁਰ ਦੇ ਸਨਮੁਖ ਲੈ ਕੇ ਆਇਆ, ਪਰਮੇਸ਼ੁਰ ਦਾ ਜਵਾਬ ਸਾਰੇ ਇਸਰਾਏਲ ਦੇ ਲਈ ਨਿਯਮ ਬਣ ਗਿਆ। ਇਹ ਅਧਿਆਇ ਅਤੇ ਪੁਸਤਕ ਇਹ ਕਹਿਣ ਦੁਆਰਾ ਖਤਮ ਹੁੰਦੀ ਹੈ ਕਿ ਸਾਰੀਆਂ ਬਿਧੀਆਂ ਜੋ ਮੂਸਾ ਨੇ ਪਰਜਾ ਨੂੰ ਦਿੱਤੀਆਂ ਸਨ ਪਰਮੇਸ਼ੁਰ ਦੀ ਵੱਲੋਂ ਸਨ।

ਇਹ ਖਾਸ ਸਵਾਲ ਸਲਾਫ਼ਹਾਦ ਦੀਆਂ ਧੀਆਂ ਦੇ ਉਨ੍ਹਾਂ ਦੇ ਪਿਤਾ ਦੀ ਜਾਇਦਾਦ ਨੂੰ ਵਿਰਸੇ ਵਿਚ ਪ੍ਰਾਪਤ ਕਰਨ ਦੇ ਲਈ ਪਰਮੇਸ਼ੁਰ ਦੇ ਪਿਛਲੇ ਨਿਯਮ ਦੇ ਹੱਕ ਤੋਂ ਖੜ੍ਹਾ ਹੋਇਆ ਸੀ (ਅਧਿਆਇ 27)। ਜੇਕਰ ਇਨ੍ਹਾਂ ਧੀਆਂ ਵਿੱਚੋਂ ਕੋਈ ਇਕ ਕਿਸੇ ਹੋਰ ਗੋਤ ਵਿੱਚੋਂ ਕਿਸੇ ਪੁਰਸ਼ ਨਾਲ ਵਿਆਹ ਕਰ ਲੈਂਦੀ, ਤਾਂ ਉਹ ਜ਼ਮੀਨ ਜੋ ਮਨੱਸ਼ਹ ਦੀ ਸੀ ਪਤੀ ਦੇ ਗੋਤ ਦੀ ਜਾਇਦਾਦ ਬਣ ਜਾਣੀ ਸੀ। ਪਰਮੇਸ਼ੁਰ ਦਾ ਨਿਯਮ ਇਹ ਸੀ ਕਿ ਵਾਰਸਣ ਸਿਰਫ ਆਪਣੇ ਗੋਤ ਵਿਚ ਹੀ ਵਿਆਹ ਕਰ ਸਕਦੀ ਸੀ। ਉਸ ਤਰੀਕੇ ਨਾਲ, ਗੋਤ ਦੀ ਅਸਲੀ ਧਰਤੀ ਦੀ ਵੰਡ ਗੋਤ ਦੇ ਵਿਚ ਹੀ ਰਹਿ ਜਾਣੀ ਸੀ।

ਫਿਰ, ਆਖ਼ਰੀ ਅਧਿਆਇ ਦਾ ਕੇਂਦਰ ਬਿੰਦੂ, ਧਰਤੀ ਤੇ ਰਹਿੰਦਾ ਹੈ। ਪਰਮੇਸ਼ੁਰ ਨੇ ਪੁਸ਼ਟੀ ਕੀਤੀ ਸੀ ਕਿ "ਇਸਰਾਏਲੀਆਂ ਦੇ ਗੋਤ ਆਪਣੀਆਂ ਆਪਣੀਆਂ ਮਿਲਖਾਂ ਵਿੱਚ ਬਣੇ ਰਹਿਣ" (36:9)। ਇਹ ਉਨ੍ਹਾਂ ਲੋਕਾਂ ਨੂੰ ਉਤਸ਼ਾਹ ਦੇਣ ਵਾਲੇ ਸ਼ਬਦ ਸਨ ਜਿਹੜੇ ਬਹੁਤ ਸਾਲਾਂ ਤੋਂ ਵਾਅਦੇ ਦੀ ਧਰਤੀ ਵਿਚ ਦਾਖਲ ਹੋਣ ਦੀ ਉਡੀਕ ਕਰ ਰਹੇ ਸਨ।

## ਉਠਾਇਆ ਗਿਆ ਸਵਾਲ (36:1-4)

**[1]ਪਿਤ੍ਰਾਂ ਦੇ ਘਰਾਣਿਆਂ ਦੇ ਮੁਖੀਆਂ ਨੇ ਜਿਹੜੇ ਯੂਸੁਫ਼ ਦੇ ਪੁੱਤ੍ਰਾਂ ਵਿੱਚ ਮਨੱਸ਼ੀ ਮਾਕੀਰ**
**ਦੇ ਪੁੱਤ੍ਰ ਗਿਲਆਦ ਦੇ ਪੁੱਤ੍ਰਾਂ ਦੇ ਟੱਬਰ ਤੋਂ ਸਨ ਨੇੜੇ ਆਣ ਕੇ ਮੂਸਾ ਦੇ ਅੱਗੇ ਅਰ ਉਨ੍ਹਾਂ**
**ਪਰਧਾਨਾਂ ਦੇ ਅੱਗੇ ਜਿਹੜੇ ਇਸਰਾਏਲੀਆਂ ਦੇ ਪਿਤ੍ਰਾਂ ਦੇ ਘਰਾਣਿਆਂ ਦੇ ਮੁਖੀਏ ਸਨ ਗੱਲ**
**ਕੀਤੀ। [2]ਅਤੇ ਉਨ੍ਹਾਂ ਨੇ ਆਖਿਆ ਕਿ ਯਹੋਵਾਹ ਨੇ ਸਾਡੇ ਸੁਆਮੀ ਨੂੰ ਹੁਕਮ ਦਿੱਤਾ ਸੀ ਕਿ**
**ਮਿਲਖ ਦੀ ਧਰਤੀ ਗੁਣਾ ਪਾ ਕੇ ਇਸਰਾਏਲੀਆਂ ਨੂੰ ਦਿੱਤੀ ਜਾਵੇ, ਨਾਲੇ ਸਾਡੇ ਸੁਆਮੀ ਨੂੰ**
**ਯਹੋਵਾਹ ਵੱਲੋਂ ਹੁਕਮ ਮਿਲਿਆ ਸੀ ਕਿ ਸਾਡੇ ਭਰਾ ਸਲਾਫ਼ਹਾਦ ਦੀ ਮਿਲਖ ਉਸ ਦੀਆਂ**
**ਧੀਆਂ ਨੂੰ ਦਿੱਤੀ ਜਾਵੇ। [3]ਜੇ ਉਹ ਇਸਰਾਏਲੀਆਂ ਦੇ ਕਿਸੇ ਹੋਰ ਗੋਤ ਦੇ ਮਨੁੱਖਾਂ ਨਾਲ**
**ਵਿਆਹੀਆਂ ਜਾਣ ਤਾਂ ਉਨ੍ਹਾਂ ਦੀ ਮਿਲਖ ਸਾਡੇ ਪਿਉ ਦਾਦਿਆਂ ਦੀ ਮਿਲਖ ਤੋਂ ਨਿੱਕਲ**
**ਜਾਵੇਗੀ ਅਤੇ ਉਹ ਉਸ ਗੋਤ ਨੂੰ ਦਿੱਤੀ ਜਾਵੇਗੀ ਜਿਹ ਦੀਆਂ ਓਹ ਹੋ ਜਾਣਗੀਆਂ ਅਤੇ**
**ਸਾਡੀ ਮਿਲਖ ਦੇ ਗੁਣੇ ਤੋਂ ਨਿੱਕਲ ਜਾਵੇਗੀ। [4]ਜਦ ਇਸਰਾਏਲੀਆਂ ਦਾ ਅਨੰਦ ਹੋਣ ਦਾ ਵਰ੍ਹਾ**

**ਆਵੇਗਾ ਤਾਂ ਉਨ੍ਹਾਂ ਦੀ ਮਿਲਖ ਉਸ ਗੋਤ ਦੀ ਮਿਲਖ ਨਾਲ ਰਲ ਜਾਵੇਗੀ ਜਿਹ ਦੀਆਂ ਓਹ ਹੋ ਜਾਣਗੀਆਂ। ਐਉਂ ਉਨ੍ਹਾਂ ਦੀ ਮਿਲਖ ਸਾਡੇ ਪਿਉ ਦਾਦਿਆਂ ਦੇ ਗੋਤ ਦੀ ਮਿਲਖ ਤੋਂ ਨਿੱਕਲ ਜਾਵੇਗੀ।**

**ਆਇਤਾਂ 1, 2. ਮਨੱਸ਼ਹ** ਦੇ ਗੋਤ ਦੇ ਪਰਧਾਨਾਂ ਦੁਆਰਾ ਅਰਥਾਤ ਉਹ ਗੋਤ ਜਿਸ ਵਿੱਚੋਂ ਸਲਾਫ਼ਹਾਦ ਆਇਆ ਸੀ ਜ਼ਮੀਨ ਦੀ ਮਾਲਕੀ ਨੂੰ ਲੈ ਕੇ ਇਕ ਸਵਾਲ ਉਠਾਇਆ ਗਿਆ (27:1)। ਇਹ ਮਨੁੱਖ **ਪਿਤ੍ਰਾਂ ਦੇ ਘਰਾਣਿਆਂ ਦੇ ਮੁਖੀਆਂ ਮਨੱਸ਼ੀ ਮਾਕੀਰ ਦੇ ਪੁੱਤ੍ਰ ਗਿਲਆਦ ਦੇ ਪੁੱਤ੍ਰਾਂ ਦੇ ਟੱਬਰ ਤੋਂ ਸਨ**। ਮਨੱਸ਼ਹ ਦਾ ਪੁੱਤ੍ਰ ਮਾਕੀਰ ਸੀ ਜੋ ਕਿ ਇਕ ਅਰਾਮੀ ਸੁਰੀਤ ਤੋਂ ਜੰਮਿਆ ਸੀ (1 ਇਤਹਾਸ 7:14) ਜਿਸ ਨੇ ਮਾਕੀਰੀ ਗੋਤ ਦੀ ਸਥਾਪਨਾ ਕੀਤੀ ਸੀ। ਮਾਕੀਰ ਤੋਂ ਗਿਲਆਦ ਜੰਮਿਆ ਸੀ ਅਤੇ ਗਿਲਆਦ ਤੋਂ ਗਿਲਆਦੀਆਂ ਦਾ ਟੱਬਰ (26:29)। ਮਾਕੀਰੀ ਅਤੇ ਗਿਲਆਦੀ ਮਨੱਸ਼ਹ ਦੇ ਅੱਧੇ ਗੋਤ ਦਾ ਹਿੱਸਾ ਸਨ ਜੋ ਯਰਦਨ ਦੇ ਪਾਰ ਵੱਸ ਗਿਆ ਸੀ (32:39, 40)।

ਗਿਲਆਦੀਆਂ ਦੇ ਪਰਧਾਨਾਂ ਨੇ **ਮੂਸਾ** ਅਤੇ ਇਸਰਾਏਲ ਦੇ ਹੋਰ **ਪਰਧਾਨਾਂ** ਨੂੰ ਨਿਮਰਤਾ ਸਹਿਤ ਅਤੇ ਆਦਰ ਨਾਲ ਸੰਬੋਧਿਤ ਕੀਤਾ ਅਤੇ ਮੂਸਾ ਨੂੰ **ਸਾਡੇ ਸੁਆਮੀ** ਕਹਿ ਕੇ ਬੁਲਾਇਆ। ਉਨ੍ਹਾਂ ਨੇ ਪਰਮੇਸ਼ੁਰ ਦੇ ਪਿਛਲੇ ਹੁਕਮ ਵੱਲ ਸੰਕੇਤ ਕੀਤਾ ਸੀ ਕਿ ਸਲਾਫ਼ਹਾਦ ਦੀਆਂ ਧੀਆਂ ਉਸ ਦੀ ਜ਼ਮੀਨ ਦੀਆਂ ਵਾਰਸ ਬਣ ਸਕਦੀਆਂ ਸਨ ਕਿਉਂਕਿ ਉਸ ਦੇ ਕੋਈ ਪੁੱਤਰ ਨਹੀਂ ਸਨ।

**ਆਇਤ 3.** ਇਨ੍ਹਾਂ ਲੋਕਾਂ ਨੇ ਮੁਸ਼ਕਲ ਦਾ ਅੰਦਾਜ਼ਾ ਲਗਾਇਆ ਸੀ: ਜੇਕਰ ਉਨ੍ਹਾਂ ਧੀਆਂ ਵਿੱਚੋਂ ਕੋਈ ਵੀ **ਕਿਸੇ ਹੋਰ ਗੋਤ** ਦੇ ਮਨੁੱਖ ਨਾਲ **ਵਿਆਹੀ** ਜਾਂਦੀ, ਤਾਂ ਉਸ ਦੀ **ਮਿਲਖ** ਉਸ ਦੇ ਪਤੀ ਦੀ ਹੋ ਜਾਣੀ ਸੀ ਅਤੇ ਉਸ ਦੇ ਗੋਤ ਦੀ ਜ਼ਮੀਨ ਦਾ ਹਿੱਸਾ ਬਣ ਜਾਣੀ ਸੀ।

**ਆਇਤ 4. ਅਨੰਦ ਹੋਣ ਦਾ ਵਰ੍ਹਾ** ਵੀ ਇਸ ਸਥਿਤੀ ਨੂੰ ਸਹੀ ਨਹੀਂ ਸੀ ਕਰ ਸਕਦਾ; ਸਿਰਫ ਉਹ ਜ਼ਮੀਨ ਜੋ ਵੇਚੀ ਗਈ ਸੀ (ਉਹ ਜ਼ਮੀਨ ਨਹੀਂ ਜੋ **ਮਿਲਖ** ਦੁਆਰਾ ਤਬਦੀਲ ਕੀਤੀ ਗਈ ਸੀ) ਇਸ ਦੇ ਅਸਲੀ ਮਾਲਕ ਨੂੰ ਵਾਪਸ ਕਰ ਦਿੱਤੀ ਜਾਣੀ ਸੀ।[1] ਅਨੰਦ ਹੋਣ ਦਾ ਵਰ੍ਹਾ ਹਰ ਪੰਜਾਹਵੇਂ ਸਾਲ ਹੁੰਦਾ ਸੀ। ਉਸ ਸਾਲ ਦੌਰਾਨ ਹਰ ਵਿਅਕਤੀ ਨੇ "ਆਪਣੀ ਜਾਇਦਾਦ ਵਾਪਸ ਕਰਨੀ" ਹੁੰਦੀ ਸੀ (ਲੇਵੀਆਂ 25:10; ਵੇਖੋ 25:8-17) ਅਤੇ ਜਿਹੜੀ ਜ਼ਮੀਨ ਵੇਚੀ ਗਈ ਸੀ ਉਹ ਇਸ ਦੇ ਅਸਲੀ ਮਾਲਕ ਨੂੰ ਵਾਪਸ ਕਰ ਦਿੱਤੀ ਜਾਣੀ ਸੀ। ਇਸ ਕਾਨੂੰਨ ਦੇ ਅਨੁਸਾਰ, ਜ਼ਮੀਨ ਕਦੇ ਵੀ ਸਦਾ ਦੇ ਲਈ ਨਹੀਂ ਵੇਚੀ ਜਾ ਸਕਦੀ ਸੀ। ਇਸ ਦੀ ਬਜਾਇ, ਇਕ ਭਾਵ ਵਿਚ, ਅਨੰਦ ਦੇ ਅਗਲੇ ਵਰ੍ਹੇ ਤੱਕ ਬਾਕੀ ਰਹਿੰਦੇ ਸਮੇਂ ਲਈ ਕਿਰਾਏ ਤੇ ਸੀ।

ਸਮੱਸਿਆ ਅਸਲ ਸੀ। ਇਕ ਗੋਤ ਦੇ ਲਈ ਆਪਣੀ ਜ਼ਮੀਨ ਨੂੰ ਵਿੱਤੀ ਅਤੇ ਆਤਮਿਕ ਕਾਰਣਾਂ ਕਰਕੇ ਬਰਕਰਾਰ ਰੱਖਣਾ ਮਹੱਤਵਪੂਰਣ ਸੀ। ਇਕ ਵਿੱਤੀ ਦ੍ਰਿਸ਼ਟੀਕੋਣ ਤੋਂ, ਇਸ ਮੌਕੇ ਕੀਤੇ ਗਏ ਫ਼ੈਸਲੇ ਦਾ "ਧਿਆਨਯੋਗ ਆਰਥਿਕ ਪ੍ਰਭਾਵ" ਹੋਵੇਗਾ, ਕਿਉਂਕਿ "ਇਕ ਗੋਤ ਦੀ ਰੋਜ਼ੀ ਰੋਟੀ ਇਸ ਦੀ ਜ਼ਮੀਨ ਨਾਲ ਜੁੜੀ ਹੋਈ [ਸੀ]।"[2] ਆਤਮਿਕ ਤੌਰ ਤੇ, "ਪਰਿਵਾਰਕ ਜਾਇਦਾਦ ਨੂੰ ਸੰਭਾਲਣਾ ਇਸਰਾਏਲੀ ਸਮਾਜ ਵਿੱਚ ਸਭ ਤੋਂ ਉੱਚਾ ਮੁੱਲ ਸੀ ...। ਕਿਉਂਕਿ ਧਰਤੀ ਜਾਂ ਜ਼ਮੀਨ ਨੇਮ ਦੀ ਦਾਤ ਸੀ, ਇਸ ਲਈ ਹਰੇਕ ਪਰਿਵਾਰ ਦੀ ਵੰਡ ਦਾ ਨੇਮ ਵਿਚ ਹਿੱਸਾ ਸੀ।"[3]

## ਸਵਾਲ ਦਾ ਦਿੱਤਾ ਗਿਆ ਜਵਾਬ (36:5, 6)

**5ਤਾਂ ਮੂਸਾ ਨੇ ਇਸਰਾਏਲੀਆਂ ਨੂੰ ਯਹੋਵਾਹ ਦੇ ਹੁਕਮ ਨਾਲ ਆਖਿਆ ਕਿ ਯੂਸੁਫ਼ ਦੇ**

**ਪੁੱਤ੍ਰਾਂ ਦਾ ਗੋਤ ਠੀਕ ਬੋਲਦਾ ਹੈ। [6]ਏਹ ਉਹ ਗੱਲ ਹੈ ਜਿਹ ਦਾ ਯਹੋਵਾਹ ਨੇ ਸਲਾਫ਼ਹਾਦ ਦੀਆਂ ਧੀਆਂ ਦੇ ਵਿਖੇ ਹੁਕਮ ਦਿੱਤਾ ਸੀ ਕਿ ਜਿਹੜਾ ਉਨ੍ਹਾਂ ਦੀਆਂ ਅੱਖਾਂ ਵਿੱਚ ਚੰਗਾ ਦਿੱਸੇ ਓਹ ਉਹ ਦੇ ਨਾਲ ਵਿਆਹ ਕਰ ਲੈਣ ਪਰ ਕੇਵਲ ਆਪਣੇ ਪਿਉ ਦਾਦਿਆਂ ਦੇ ਗੋਤ ਦੇ ਟੱਬਰਾਂ ਵਿੱਚ ਵਿਆਹ ਕਰ ਲੈਣ।**

**ਆਇਤ 5.** ਮੂਸਾ ਇਸ ਮਾਮਲੇ ਨੂੰ ਪਰਮੇਸ਼ੁਰ ਦੇ ਸਾਹਮਣੇ ਲੈ ਕੇ ਗਿਆ ਅਤੇ ਫਿਰ ਰੱਬੀ ਜਵਾਬ ਸੁਣਾਇਆ: **ਯੂਸੁਫ਼ ਦੇ ਪੁੱਤ੍ਰਾਂ ਦਾ ਗੋਤ ਠੀਕ ਬੋਲਦਾ ਹੈ।** ਮਨੱਸ਼ਹ ਦੇ ਪਰਧਾਨਾਂ ਦੀ ਚਿੰਤਾ ਪਰਮੇਸ਼ੁਰ ਦੀ ਨਜ਼ਰ ਵਿਚ ਜਾਇਜ਼ ਸੀ।

**ਆਇਤ 6.** ਸਮੱਸਿਆ ਦਾ ਹੱਲ ਇਹ ਸੀ ਕਿ **ਸਲਾਫ਼ਹਾਦ ਦੀਆਂ ਧੀਆਂ ... ਆਪਣੇ ਪਿਉ ਦਾਦਿਆਂ ਦੇ ਗੋਤ ਦੇ ਟੱਬਰਾਂ ਵਿੱਚ ਵਿਆਹ** ਕਰਵਾ ਸਕਦੀਆਂ ਸਨ। ਸਪੱਸ਼ਟ ਤੌਰ ਤੇ, ਮੂਸਾ ਦੇ ਜਵਾਬ ਨੇ ਮਨੱਸ਼ਹ ਦੇ ਗੋਤ ਦੇ ਪਰਧਾਨਾਂ ਦੁਆਰਾ ਉਠਾਏ ਗਏ ਮੁੱਦੇ ਲਈ ਇਕ ਤਸੱਲੀਬਖਸ਼ ਉਪਾਅ ਪ੍ਰਦਾਨ ਕੀਤਾ। ਇਨ੍ਹਾਂ ਪਰਧਾਨਾਂ ਨੂੰ ਭਰੋਸਾ ਦਿਵਾਇਆ ਗਿਆ ਕਿ "ਜ਼ਮੀਨੀ ਮਾਲਕੀ ਦੀ ਗੋਤ ਪ੍ਰਣਾਲੀ ਬਰਕਰਾਰ ਰਹੇ, ਜਦੋਂ ਕਿ ਧੀਆਂ ਨੂੰ ਉਨ੍ਹਾਂ ਹੱਦਾਂ ਵਿਚ ਪਤੀਆਂ ਨੂੰ ਚੁਣਨ ਦੀ ਅਜ਼ਾਦੀ ਹੈ।"[4]

## ਬਿਧੀ ਦਾ ਆਮ ਬਣਾਇਆ ਜਾਣਾ (36:7-9)

**[7]ਇਉਂ ਇਸਰਾਏਲੀਆਂ ਦੀ ਮਿਲਖ ਇੱਕ ਗੋਤ ਤੋਂ ਦੂਜੇ ਗੋਤ ਵਿੱਚ ਨਾ ਚਲੀ ਜਾਵੇ ਤਾਂ ਜੋ ਹਰ ਇਸਰਾਏਲੀ ਆਪਣੇ ਪਿਉ ਦਾਦਿਆਂ ਦੇ ਗੋਤ ਦੀ ਮਿਲਖ ਵਿੱਚ ਬਣਿਆ ਰਹੇ। [8]ਅਤੇ ਹਰ ਇੱਕ ਧੀ ਜਿਹੜੀ ਇਸਰਾਏਲੀਆਂ ਦੇ ਕਿਸੇ ਗੋਤ ਵਿੱਚ ਮਿਲਖ ਲਵੇ ਆਪਣੇ ਪਿਉ ਦਾਦਿਆਂ ਦੇ ਗੋਤ ਦੇ ਟੱਬਰਾਂ ਵਿੱਚ ਵਿਆਹੀ ਜਾਵੇ ਤਾਂ ਜੋ ਹਰ ਇਸਰਾਏਲੀ ਆਪਣੇ ਪਿਉ ਦਾਦਿਆਂ ਦੀ ਮਿਲਖ ਲਵੇ। [9]ਇਉਂ ਕੋਈ ਮਿਲਖ ਇੱਕ ਗੋਤ ਤੋਂ ਦੂਜੇ ਗੋਤ ਵਿੱਚ ਨਾ ਜਾਵੇਗੀ ਕਿਉਂ ਜੋ ਇਸਰਾਏਲੀਆਂ ਦੇ ਸਾਰੇ ਗੋਤ ਆਪਣੀਆਂ ਆਪਣੀਆਂ ਮਿਲਖਾਂ ਵਿੱਚ ਬਣੇ ਰਹਿਣ।**

**ਆਇਤ 7.** ਹੁਣ ਇਕ ਆਮ ਬਿਧੀ ਦੱਸੀ ਗਈ ਹੈ ਜੋ ਕਿ ਮਨੱਸ਼ਹ ਦੇ ਗੋਤ ਜਾਂ ਸਲਾਫ਼ਹਾਦ ਦੀਆਂ ਧੀਆਂ ਦੁਆਰਾ ਹੀ ਨਹੀਂ, ਬਲਕਿ ਸਾਰੇ ਗੋਤਾਂ ਦੁਆਰਾ ਮੰਨੀ ਜਾਣੀ ਸੀ। ਬਿਧੀ ਅਨੁਸਾਰ ਹਰੇਕ ਗੋਤ ਦੀ ਮਿਲਖ ਅਟੱਲ ਹੋਣੀ ਚਾਹੀਦੀ ਸੀ। ਪਰਮੇਸ਼ੁਰ ਨੇ ਆਖਿਆ, **ਇਸਰਾਏਲੀਆਂ ਦੀ ਮਿਲਖ ਇੱਕ ਗੋਤ ਤੋਂ ਦੂਜੇ ਗੋਤ ਵਿੱਚ ਨਾ ਚਲੀ ਜਾਵੇ।** ਇਹ ਕਿ ਪਰਮੇਸ਼ੁਰ ਦਾ ਇਰਾਦਾ ਇਹ ਸੀ ਕਿ ਜ਼ਮੀਨ ਉਨ੍ਹਾਂ ਪਰਿਵਾਰਾਂ, ਵੰਸ਼ਾਂ ਅਤੇ **ਗੋਤ** [ਗੋਤਾਂ] ਵਿਚ ਰਹੇ ਜਿਨ੍ਹਾਂ ਲਈ ਇਹ ਅਸਲ ਵਿਚ ਵੰਡੀ ਗਈ ਸੀ ਅਨੰਦ ਦੇ ਵਰ੍ਹੇ ਨਾਲ ਸੰਬੰਧਤ ਬਿਧੀਆਂ ਤੋਂ ਇਹ ਸਪੱਸ਼ਟ ਹੈ। ਜ਼ਮੀਨ ਹਾਲੇ ਵੀ ਪਰਮੇਸ਼ੁਰ ਦੀ ਹੀ ਸੀ, ਪਰ ਉਹ ਇਸ ਨੂੰ ਇਸਰਾਏਲੀ ਗੋਤਾਂ ਨੂੰ ਉਨ੍ਹਾਂ ਦੀ ਵਰਤੋਂ ਲਈ ਸੌਂਪ ਰਿਹਾ ਸੀ। ਜਿਸ ਨੇ ਵੀ ਇਸ ਨੂੰ ਇਸ ਗੋਤ ਵਿੱਚੋਂ ਹਟਾ ਦਿੱਤਾ ਸੀ ਜਿਸ ਨੂੰ ਇਹ ਦਿੱਤੀ ਗਈ ਸੀ ਉਸ ਨੂੰ ਰੱਬੀ ਸਜ਼ਾ ਦਿੱਤੀ ਜਾਣੀ ਸੀ (ਵੇਖੋ 1 ਰਾਜਿਆਂ 21:16-19; ਮੀਕਾਹ 2:1-5)।[5]

**ਆਇਤ 8.** ਇਹ ਸੁਨਿਸ਼ਚਿਤ ਕਰਨ ਦੇ ਲਈ ਕਿ ਜ਼ਮੀਨ ਗੋਤ ਦੇ ਅੰਦਰ ਰਹੇ, **ਹਰ ਇੱਕ ਧੀ** ਜਿਹੜੀ **ਮਿਲਖ ਲਵੇ** ਉਸ ਨੂੰ ਆਪਣੇ ਗੋਤ ਦੇ ਅੰਦਰ ਰਹਿਣਾ ਪੈਣਾ ਸੀ। ਇਸ ਸਿੱਟੇ ਨੂੰ ਪ੍ਰਾਪਤ ਕਰਨ ਲਈ, ਵਾਰਸਣ **ਆਪਣੇ ਪਿਉ ਦਾਦਿਆਂ ਦੇ ਟੱਬਰਾਂ** ਵਿੱਚੋਂ ਕਿਸੇ ਮਨੁੱਖ ਨਾਲ ਵਿਆਹ ਕਰਵਾ ਸਕਦੀ ਸੀ। ਜਦੋਂ ਕਿ ਉਸ ਦੀ ਜ਼ਮੀਨ ਅਜੇ ਵੀ ਉਸ ਦੇ ਪਤੀ ਦੀ ਜਾਇਦਾਦ ਬਣ ਗਈ ਸੀ, **ਮਿਲਖ** ਗੋਤ ਦੇ ਅੰਦਰ ਰਹੇਗੀ।

**ਆਇਤ 9.** ਜੇ ਬਿਧੀ ਦੀ ਪਾਲਣਾ ਕੀਤੀ ਜਾਂਦੀ, ਹਰੇਕ ਗੋਤ ਨੇ ਇਸ ਦੇ ਆਪਣੇ ਵੰਡੇ ਆਉਂਦੀ ਜ਼ਮੀਨ ਨੂੰ ਬਰਕਰਾਰ ਰੱਖਣਾ ਸੀ। **ਕੋਈ ਮਿਲਖ ਇੱਕ ਗੋਤ ਤੋਂ ਦੂਜੇ ਗੋਤ ਵਿੱਚ ਨਾ ਜਾਣੀ ਸੀ**, ਪਰ ਹਰ ਪਰਿਵਾਰ ਨੇ **ਆਪਣੀਆਂ ਆਪਣੀਆਂ ਮਿਲਖਾਂ** ਵਿਚ ਬਣੇ ਰਹਿਣਾ ਸੀ।

## ਬਿਧੀ ਦੀ ਪਾਲਣਾ ਕੀਤੀ ਗਈ (36:10-12)

**[10]ਜਿਵੇਂ ਮੂਸਾ ਨੇ ਹੁਕਮ ਦਿੱਤਾ ਸੀ ਓਵੇਂ ਹੀ ਸਲਾਫ਼ਹਾਦ ਦੀਆਂ ਧੀਆਂ ਨੇ ਕੀਤਾ। [11]ਅਤੇ ਮਹਲਾਹ, ਤਿਰਸਾਹ, ਹਾਗਲਾਹ, ਮਿਲਕਾਹ, ਅਤੇ ਨੋਆਹ ਸਲਾਫ਼ਹਾਦ ਦੀਆਂ ਧੀਆਂ ਆਪਣੇ ਚਾਚੇ ਤਾਏ ਦੇ ਪੁੱਤ੍ਰਾਂ ਨਾਲ ਵਿਆਹੀਆਂ ਗਈਆਂ। [12]ਓਹ ਯੂਸੁਫ਼ ਦੇ ਪੁੱਤ੍ਰ ਮਨੱਸ਼ਹ ਦੇ ਪੁੱਤ੍ਰਾਂ ਦੇ ਟੱਬਰਾਂ ਵਿੱਚ ਵਿਆਹੀਆਂ ਗਈਆਂ। ਇਉਂ ਉਨ੍ਹਾਂ ਦੀ ਮਿਲਖ ਉਨ੍ਹਾਂ ਦੇ ਪਿਉ ਦਾਦਿਆਂ ਦੇ ਗੋਤ ਵਿੱਚ ਬਣੀ ਰਹੀ।**

**ਆਇਤ 10. ਸ਼ਲਾਫ਼ਹਾਦ ਦੀਆਂ ਧੀਆਂ ਨੇ** ਮੂਸਾ ਦੀਆਂ ਗੱਲਾਂ ਦੀ ਪਾਲਣਾ ਕੀਤੀ। ਉਨ੍ਹਾਂ ਦੀ ਆਗਿਆਕਾਰੀ ਨੂੰ ਨਵੀਂ ਪੀੜ੍ਹੀ ਦੇ ਲਈ ਆਮ ਮੰਨਿਆ ਜਾ ਸਕਦਾ ਹੈ। ਇਸਰਾਏਲ ਦੇ ਭਵਿੱਖ ਲਈ ਇਹ ਚੰਗਾ ਲੱਗ ਰਿਹਾ ਸੀ। ਪਰ, ਜਿਹੜੇ ਇਸਰਾਏਲ ਦੇ ਇਤਿਹਾਸ ਨੂੰ ਜਾਣਦੇ ਹਨ ਉਹ ਜਾਣਦੇ ਹਨ ਕਿ ਆਗਿਆਕਾਰੀ ਦਾ ਸਮਾਂ (ਜਿਵੇਂ ਕਿ ਕੂਚ ਦੀ ਪੁਸਤਕ ਦੇ ਆਖ਼ਰੀ ਅਧਿਆਵਾਂ ਵਿਚ ਅਤੇ ਗਿਣਤੀ ਦੀ ਪੁਸਤਕ ਦੇ ਪਹਿਲੇ ਅਧਿਆਵਾਂ ਵਿਚ ਪਾਇਆ ਗਿਆ ਸੀ) ਕਈ ਵਾਰ ਅਣਆਗਿਆਕਾਰੀ ਦਾ ਦੌਰ ਹੁੰਦਾ ਸੀ (ਜਿਵੇਂ ਕਿ ਗਿਣਤੀ ਦੀ ਪੁਸਤਕ ਦੇ ਵਿਚਕਾਰਲੇ ਅਧਿਆਵਾਂ ਵਿਚ ਪਾਇਆ ਜਾਂਦਾ ਹੈ)।

**ਆਇਤਾਂ 11, 12.** ਪੰਜ ਔਰਤਾਂ ਦਾ ਦੁਬਾਰਾ ਨਾਮ ਦੱਸਣ ਤੋਂ ਬਾਅਦ (ਵੇਖੋ 27:1), ਲਿਖਤ ਸਾਨੂੰ ਦੱਸਦੀ ਹੈ ਕਿ **ਸਲਾਫ਼ਹਾਦ ਦੀਆਂ ਧੀਆਂ** ਮਨੱਸ਼ਹ ਦੇ ਗੋਤ ਵਿਚ ਵਿਆਹੀਆਂ ਗਈਆਂ। **ਆਪਣੇ ਚਾਚੇ ਤਾਏ ਦੇ ਪੁੱਤ੍ਰਾਂ** ਨਾਲ ਵਿਆਹ ਕਰਵਾ ਕੇ, **ਉਨ੍ਹਾਂ ਦੀ ਮਿਲਖ ਉਨ੍ਹਾਂ ਦੇ ਪਿਉ ਦਾਦਿਆਂ ਦੇ ਗੋਤ ਵਿੱਚ ਬਣੀ ਰਹੀ।**

## "ਪਰਮੇਸ਼ੁਰ ਵਫ਼ਾਦਾਰ ਹੈ!" (36:13)

**[13]ਏਹ ਓਹ ਹੁਕਮ ਅਤੇ ਫ਼ੈਸਲੇ ਹਨ ਜਿਨ੍ਹਾਂ ਦਾ ਯਹੋਵਾਹ ਨੇ ਮੂਸਾ ਦੇ ਰਾਹੀਂ ਇਸਰਾਏਲੀਆਂ ਨੂੰ ਮੋਆਬ ਦੇ ਮਦਾਨ ਵਿੱਚ ਯਰਦਨ ਦੇ ਉੱਤੇ ਯਰੀਹੋ ਦੇ ਕੋਲ ਹੁਕਮ ਦਿੱਤਾ ਸੀ।**

**ਆਇਤ 13.** ਗਿਣਤੀ ਦੀ ਪੁਸਤਕ ਦਾ ਆਖ਼ਰੀ ਸੰਦੇਸ਼ ਇਹ ਹੈ ਕਿ ਇਹ ਬਿਧੀਆਂ ਪਰਮੇਸ਼ੁਰ ਦੁਆਰਾ ਮੂਸਾ ਨੂੰ ਦਿੱਤੀਆਂ ਗਈਆਂ ਸਨ ਜਦੋਂ ਇਸਰਾਏਲੀਆਂ ਨੇ **ਮੋਆਬ ਦੇ ਮਦਾਨ** ਵਿਚ ਕਨਾਨ ਦੀ ਧਰਤੀ ਵਿਚ ਦਾਖਲ ਹੋਣ ਦੇ ਲਈ ਉਡੀਕ ਕੀਤੀ ਸੀ। **ਏਹ ... ਹੁਕਮ ਅਤੇ ਫ਼ੈਸਲੇ** ਸ਼ਬਦ ਸ਼ਾਇਦ ਪੂਰੀ ਪੁਸਤਕ ਦਾ ਹਵਾਲਾ ਦਿੰਦੇ ਹਨ, ਨਾ ਕਿ ਸਿਰਫ ਪਿਛਲੇ ਤਿੰਨ ਜਾਂ ਚਾਰ ਅਧਿਆਵਾਂ ਦਾ। ਲੇਵੀਆਂ, ਬਿਧੀਆਂ ਦੀ ਪੁਸਤਕ, ਲਗਭਗ ਉਹੀ ਸ਼ਬਦਾਂ ਨਾਲ ਖਤਮ ਹੁੰਦੀ ਹੈ (ਲੇਵੀਆਂ 27:34)।

ਕੌਮ ਹੁਣ ਕਨਾਨ ਦੀ ਧਰਤੀ ਵਿਚ ਦਾਖਲ ਹੋਣ ਦੇ ਲਈ ਤਿਆਰ ਸੀ। ਪਰਮੇਸ਼ੁਰ ਇਸ ਨਵੀਂ ਪੀੜ੍ਹੀ ਨੂੰ ਉਸ ਧਰਤੀ ਉੱਤੇ ਸੁਰੱਖਿਅਤ ਲੈ ਕੇ ਆਇਆ ਸੀ ਜਿਸ ਦਾ ਉਸ ਨੇ ਅਬਰਾਹਾਮ, ਇਸਹਾਕ ਅਤੇ ਯਾਕੂਬ ਨਾਲ ਵਾਅਦਾ ਕੀਤਾ ਸੀ। ਉਨ੍ਹਾਂ ਦਾ ਅਗਲਾ ਕੰਮ ਉਸ ਧਰਤੀ ਵਿਚ ਦਾਖਲ ਹੋਣਾ, ਉਸ ਤੇ ਕਬਜ਼ਾ ਕਰਨਾ ਅਤੇ ਫਿਰ ਉਸ ਧਰਤੀ ਵਿਚ ਵੱਧਦੇ

ਫੁੱਲਦੇ ਰਹਿਣਾ ਸੀ ਜੋ ਪਰਮੇਸ਼ੁਰ ਨੇ ਉਨ੍ਹਾਂ ਨੂੰ ਦਿੱਤੀ ਸੀ। ਪਰਮੇਸ਼ੁਰ ਨੇ ਉਨ੍ਹਾਂ ਨੂੰ ਭਵਿੱਖ ਵਿਚ ਵੱਡੀਆਂ ਬਰਕਤਾਂ ਦੇਣ ਦਾ ਵਾਅਦਾ ਕੀਤਾ ਸੀ ਜੇਕਰ ਉਹ ਵਫ਼ਾਦਾਰ ਆਗਿਆਕਾਰੀ ਵਿਚ ਬਣੇ ਰਹਿਣਗੇ।

# ਪ੍ਰਾਸੰਗਿਕਤਾ

**ਪਰਮੇਸ਼ੁਰ-ਕੇਂਦਰਿਤ ਲੋਕਾਂ ਦੇ ਗੁਣ (ਅਧਿਆਇ 26-36)**

ਗਿਣਤੀ ਦੀ ਪੁਸਤਕ ਦੇ ਪਹਿਲੇ ਦਸ ਅਧਿਆਇ ਇਸਰਾਏਲੀਆਂ ਦੇ ਵਾਅਦਾ ਕੀਤੀ ਹੋਈ ਧਰਤੀ ਵੱਲ ਨੂੰ ਉਨ੍ਹਾਂ ਦੇ ਸਫ਼ਰ ਦੀ ਤਿਆਰੀ ਤੇ ਕੇਂਦਰਿਤ ਹਨ। ਆਖ਼ਰੀ ਗਿਆਰਾਂ (ਅਧਿਆਇ 26-36) ਵਿਚ ਦੱਸਿਆ ਗਿਆ ਹੈ ਕਿ ਇਸ ਵਾਅਦਾ ਕੀਤੇ ਹੋਏ ਦੇਸ ਵਿਚ ਦਾਖਲ ਹੋਣ ਤੋਂ ਬਾਅਦ ਇਸਰਾਏਲੀਆਂ ਦੀ ਜ਼ਿੰਦਗੀ ਕਿਸ ਤਰ੍ਹਾਂ ਦੀ ਹੋਣੀ ਸੀ। ਗਿਣਤੀ ਦੀ ਪੁਸਤਕ ਦਾ ਇਹ ਭਾਗ ਮੋਆਬ ਦੇ ਮਦਾਨ ਤੇ ਕੇਂਦਰਿਤ ਹੈ, ਜਿੱਥੇ ਇਸਰਾਏਲੀਆਂ ਨੇ ਡੇਰਾ ਲਾਇਆ ਸੀ ਅਤੇ ਯਰਦਨ ਨੂੰ ਪਾਰ ਕਰਨ ਅਤੇ ਕਨਾਨ ਉੱਤੇ ਕਬਜ਼ਾ ਕਰਨ ਦੀ ਉਡੀਕ ਕਰ ਰਹੇ ਸਨ। ਇਨ੍ਹਾਂ ਆਖ਼ਰੀ ਅਧਿਆਵਾਂ ਵਿਚ, ਬਿਵਸਥਾ ਸਾਰ ਦੇ ਨਾਲ, ਉਹ ਬਿਧੀਆਂ ਹਨ ਜਿਨ੍ਹਾਂ ਨੇ ਪਰਮੇਸ਼ੁਰ ਦੀ ਪਰਜਾ ਨੂੰ ਉਸ ਧਰਤੀ ਉੱਤੇ ਦਾਖਲ ਹੋਣ ਤੋਂ ਬਾਅਦ ਚਲਾਉਣਾ ਸੀ ਜੋ ਪਰਮੇਸ਼ੁਰ ਉਨ੍ਹਾਂ ਨੂੰ ਦੇ ਰਿਹਾ ਸੀ। ਉਹ ਬਿਧੀਆਂ ਪਰਮੇਸ਼ੁਰ ਅਤੇ ਉਸ ਦੇ ਵਚਨ ਤੇ ਕੇਂਦਰਿਤ ਲੋਕਾਂ ਦੇ ਇਕ ਸਮਾਜ ਦੀਆਂ ਵਿਸ਼ੇਸ਼ਤਾਵਾਂ ਦਾ ਸੁਝਾਅ ਦਿੰਦੀਆਂ ਹਨ। ਪਰਮੇਸ਼ੁਰ-ਕੇਂਦਰਿਤ ਲੋਕਾਂ ਦੇ ਗੁਣ ਕੀ ਹਨ?

*ਬੰਦਗੀ ਕਰਨ ਵਾਲਾ ਇਕ ਸਮਾਜ।* ਇਸਰਾਏਲ ਨੇ ਬੰਦਗੀ ਕਰਨ ਵਾਲਾ ਇਕ ਸਮਾਜ ਬਣਨਾ ਸੀ। ਰੋਜ਼ਾਨਾ, ਹਫ਼ਤਾਵਾਰ, ਮਹੀਨਾਵਾਰ ਅਤੇ ਕਈ ਸਾਲਾਨਾ ਪਰਬਾਂ ਤੇ ਭੇਟਾਂ ਚੜ੍ਹਾਈਆਂ ਜਾਣੀਆਂ ਸਨ। ਇਸ ਤੋਂ ਇਲਾਵਾ, ਪਾਪਾਂ ਦੀ ਮਾਫ਼ੀ ਦੀ ਮੰਗ ਕਰਨ ਵੇਲੇ ਵਿਅਕਤੀ ਬਲੀਆਂ ਲੈ ਕੇ ਆਉਂਦੇ ਸਨ ਅਤੇ ਪਰਮੇਸ਼ੁਰ ਦੇ ਪ੍ਰਤੀ ਉਨ੍ਹਾਂ ਦਾ ਧੰਨਵਾਦ ਪਰਗਟ ਕਰਨ ਦੇ ਲਈ ਖੁਸ਼ੀ ਦੀਆਂ ਭੇਟਾਂ ਚੜ੍ਹਾਉਂਦੇ ਸਨ। ਗਿਣਤੀ ਦੀ ਪੁਸਤਕ ਵਿਚ ਹੋਰ ਬਿਧੀਆਂ ਤੋਂ ਸੰਕੇਤ ਮਿਲਦਾ ਹੈ ਕਿ ਜਾਜਕਾਂ ਅਤੇ ਲੇਵੀਆਂ ਨੂੰ ਜਿਹੜੇ ਇਸਰਾਏਲੀਆਂ ਦੀ ਬੰਦਗੀ ਵਿਚ ਅਗਵਾਈ ਜਾਂ ਮਦਦ ਕਰਦੇ ਸਨ, ਉਨ੍ਹਾਂ ਨੂੰ ਵਿਸ਼ੇਸ਼ ਜ਼ਿੰਮੇਵਾਰੀਆਂ ਦੇ ਨਾਲ ਇਕ ਵਿਸ਼ੇਸ਼ ਰੁਤਬਾ ਦਿੱਤਾ ਗਿਆ ਸੀ।

*ਇਕ ਮਨ ਵਾਲਾ ਸਮਾਜ।* ਪਰਮੇਸ਼ੁਰ ਨੇ ਇਸਰਾਏਲ ਨੂੰ ਉਸ ਦੇ ਪ੍ਰਤੀ ਪੂਰੀ ਤਰ੍ਹਾਂ ਸਮਰਪਿਤ ਇਕ ਕੌਮ ਬਣਨ ਦੇ ਲਈ ਚੁਣਿਆ ਸੀ। ਸਮਾਜ ਦੇ ਦਿਲ ਵਿਚ ਪਰਮੇਸ਼ੁਰ ਦਾ ਸਥਾਨ ਇਸ ਤੱਥ ਦੁਆਰਾ ਦਰਸਾਇਆ ਗਿਆ ਸੀ ਕਿ ਡੇਹਰਾ, ਪਰਮੇਸ਼ੁਰ ਦਾ ਨਿਵਾਸ ਸਥਾਨ, ਉਜਾੜ ਵਿਚ ਡੇਰੇ ਦੇ ਕੇਂਦਰ ਵਿਚ ਖੜ੍ਹਾ ਕੀਤਾ ਗਿਆ ਸੀ। ਪਰਮੇਸ਼ੁਰ ਦੀਆਂ ਬਿਧੀਆਂ ਨੇ ਉਨ੍ਹਾਂ ਦੇ ਜੀਵਨਾਂ ਦੇ ਹਰੇਕ ਪਹਿਲੂ ਨੂੰ ਨਿਯੰਤ੍ਰਿਤ ਕੀਤਾ ਸੀ। ਇਕ ਮਨ ਭਗਤੀ ਜੋ ਪਰਮੇਸ਼ੁਰ ਚਾਹੁੰਦਾ ਸੀ ਕਿ ਉਸ ਦੀ ਪਰਜਾ ਵਿਚ ਹੋਵੇ ਕਨਾਨੀਆਂ ਨੂੰ ਦੇਸ ਵਿੱਚੋਂ ਕੱਢਣ ਦੇ ਲਈ ਉਨ੍ਹਾਂ ਦੇ ਲਈ ਹੁਕਮ ਵਿਚ ਦਰਸਾਈ ਗਈ ਸੀ। ਓਪਰੇ ਵਸਨੀਕਾਂ ਨੂੰ ਬਾਹਰ ਕੱਢਣਾ ਪੈਣਾ ਸੀ। ਜੇਕਰ ਉਹ ਉਨ੍ਹਾਂ ਦੇ ਵਿਚ ਰਹਿੰਦੇ, ਤਾਂ ਉਨ੍ਹਾਂ ਨੇ ਇਸਰਾਏਲੀਆਂ ਨੂੰ ਵੀ ਹੋਰ ਦੇਵਤਿਆਂ ਦੀ ਪੂਜਾ ਕਰਨ ਤੇ ਲਗਾ ਦੇਣਾ ਸੀ। ਇਸਰਾਏਲੀ ਦੂਜੇ ਦੇਵਤਿਆਂ ਦੇ ਨੁਮਾਇੰਦਿਆਂ ਨੂੰ ਉਨ੍ਹਾਂ ਦੇ ਵਿਚਕਾਰ ਰਹਿਣ ਦੀ ਆਗਿਆ ਨਹੀਂ ਦੇ ਸਕਦੇ ਸਨ।

*ਜੀਵਨ ਦੇ ਪ੍ਰਤੀ ਆਦਰ ਵਿਖਾਉਣ ਵਾਲਾ ਇਕ ਸਮਾਜ।* ਇਸਰਾਏਲੀਆਂ ਨੇ ਜੀਵਨ ਦੇ ਪ੍ਰਤੀ ਆਦਰ ਵਿਖਾਉਣ ਵਾਲੀ ਪਰਜਾ ਬਣਨਾ ਸੀ। ਖ਼ੂਨੀਆਂ ਨੂੰ ਮੌਤ ਦੇ ਘਾਟ ਉਤਾਰਿਆ

ਜਾਣਾ ਸੀ। ਜਦ ਕਿ ਉਹ ਜਿਸ ਨੇ ਅਚਾਣਕ ਕਿਸੇ ਨੂੰ ਮਾਰਿਆ ਸੀ ਉਸ ਨੂੰ ਮੌਤ ਦੀ ਸਜ਼ਾ ਨਹੀਂ ਦਿੱਤੀ ਜਾਣੀ ਸੀ, ਭਾਵੇਂ ਕਿ ਉਸ ਨੂੰ ਉਸ ਦੇ ਕੰਮਾਂ ਕਰਕੇ ਮਾੜੇ ਨਤੀਜੇ ਭੁਗਤਣੇ ਪਏ। ਉਹ ਪਨਾਹ ਦੇ ਨਗਰ ਵਿਚ ਨੱਠ ਕੇ ਜਾ ਸਕਦਾ ਸੀ ਅਤੇ ਤਦ ਤੱਕ ਉੱਥੇ ਰਹਿ ਸਕਦਾ ਸੀ - ਜਿਵੇਂ ਕਿ ਉਹ ਘਰ ਦੀ ਨਜ਼ਰਬੰਦੀ ਵਿਚ ਹੋਵੇ - ਜਦੋਂ ਤੱਕ ਸਰਦਾਰ ਜਾਜਕ ਦੀ ਮੌਤ ਨਹੀਂ ਸੀ ਹੋ ਜਾਂਦੀ (ਜਿਸ ਲਈ ਉਸ ਨੂੰ ਬਹੁਤ ਸਾਲਾਂ ਤੱਕ ਉੱਥੇ ਰਹਿਣਾ ਪਏਗਾ)। ਪਰਮੇਸ਼ੁਰ ਦੀ ਨਜ਼ਰ ਵਿਚ ਮਨੁੱਖੀ ਜੀਵਨ ਇੰਨਾ ਕੀਮਤੀ ਹੈ ਕਿ ਜੇਕਰ ਖ਼ੂਨੀ ਕੋਲੋਂ ਬਦਲਾ ਨਾ ਲਿਆ ਜਾਂਦਾ ਤਾਂ ਉਸ ਦੀ ਪਰਜਾ ਦੀ ਜ਼ਮੀਨ ਭਰਿਸ਼ਟ ਹੋ ਜਾਣੀ ਸੀ (35:33, 34)।

*ਸੱਚ ਬੋਲਣ ਵਾਲਾ ਸਮਾਜ*। ਬਿਵਸਥਾ ਅਧੀਨ, ਇਸਰਾਏਲੀਆਂ ਨੇ ਸੱਚ ਬੋਲਣ ਵਾਲਾ ਇਕ ਸਮਾਜ ਬਣਨਾ ਸੀ। ਖ਼ਾਸਕਰ, ਉਹ ਸਾਰੀਆਂ ਸੁੱਖਣਾਂ ਜੋ ਸੁੱਖੀਆਂ ਗਈਆਂ ਸਨ ਪੂਰੀਆਂ ਕੀਤੀਆਂ ਜਾਣੀਆਂ ਸਨ। ਮਰਦਾਂ ਦੇ ਅਧਿਕਾਰ ਅਧੀਨ ਔਰਤਾਂ ਇਤਰਾਜ਼ਯੋਗ ਸੁੱਖਣਾਂ ਪੂਰੀਆਂ ਕਰਨ ਤੋਂ ਮੁਆਫ ਕੀਤੀਆਂ ਜਾ ਸਕਦੀਆਂ ਸਨ, ਪਰ ਆਮ ਨਿਯਮ ਇਹ ਸੀ ਕਿ ਜਿਸ ਨੇ ਵੀ ਕੁਝ ਕਰਨ ਦੀ ਸੁੱਖਣਾਂ ਸੁੱਖੀ ਸੀ ਉਸ ਤੋਂ ਆਪਣੀ ਗੱਲ ਨੂੰ ਪੂਰਾ ਕਰਨ ਦੀ ਉਮੀਦ ਕੀਤੀ ਜਾਂਦੀ ਸੀ। ਇਸਰਾਏਲ ਵਿਚ ਹਰ ਕੋਈ ਪਰਮੇਸ਼ੁਰ ਅਤੇ ਸਮਾਜ ਦੇ ਪ੍ਰਤੀ ਜਵਾਬਦੇਹ ਸੀ।

*ਇਕ ਧਰਮੀ ਸਮਾਜ*। ਇਸਰਾਏਲੀਆਂ ਨੇ ਇਕ ਧਰਮੀ ਜਾਂ ਨਿਰਪੱਖ ਪਰਜਾ ਬਣਨਾ ਸੀ। ਪਰਮੇਸ਼ੁਰ ਨੇ ਸਹਿਮਤੀ ਦਿੱਤੀ ਕਿ ਇਹ ਸਿਰਫ ਉਚਿਤ ਸੀ ਕਿ ਸਲਾਫ਼ਹਾਦ ਦੀਆਂ ਧੀਆਂ ਨੂੰ ਆਪਣੇ ਪਿਤਾ ਦੀ ਮਿਲਖ ਪ੍ਰਾਪਤ ਕਰਨ ਦੀ ਇਜਾਜ਼ਤ ਦਿੱਤੀ ਗਈ, ਪਰ ਇਹ ਇਕ ਧੀ ਲਈ ਵੀ ਉਚਿਤ ਸੀ ਜਿਸ ਨੇ ਆਪਣੇ ਪਿਤਾ ਦੀ ਜ਼ਮੀਨ ਵਿਰਾਸਤ ਵਿਚ ਪ੍ਰਾਪਤ ਕੀਤੀ ਸੀ ਜੋ ਉਸ ਦੇ ਆਪਣੇ ਗੋਤ ਦੇ ਕਿਸੇ ਆਦਮੀ ਨਾਲ ਵਿਆਹ ਕਰਾਉਣ ਤੱਕ ਸੀਮਤ ਸੀ। ਜ਼ਮੀਨ ਨੂੰ ਗੁਣੇ ਪਾ ਕੇ ਵੰਡਿਆ ਜਾਣਾ, ਪਰਮੇਸ਼ੁਰ ਦੁਆਰਾ ਨਿਰਦੇਸ਼ਤ ਅਤੇ ਵੱਡੇ ਗੋਤਾਂ ਲਈ ਛੋਟੇ ਗੋਤਾਂ ਨਾਲੋਂ ਜ਼ਮੀਨ ਦੀ ਵੱਡੀ ਵੰਡ ਪ੍ਰਾਪਤ ਕਰਨਾ ਉਚਿਤ ਸੀ। ਲੇਵੀਆਂ ਦੇ ਲਈ ਸ਼ਹਿਰਾਂ ਨੂੰ ਪ੍ਰਾਪਤ ਕਰਨਾ ਉਚਿਤ ਸੀ, ਕਿਉਂਕਿ ਲੇਵੀ ਦੇ ਗੋਤ ਨੂੰ ਧਰਤੀ ਦੀ ਵੰਡ ਨਹੀਂ ਸੀ ਮਿਲੀ।

ਯਰਦਨ ਦੇ ਪੂਰਬ ਵੱਲ ਵੱਸਦੇ $2^1/_2$ ਗੋਤਾਂ ਅਤੇ ਬਾਕੀ ਦੇ ਇਸਰਾਏਲੀਆਂ ਵਿਚਕਾਰ ਸਮਝੌਤਾ ਸਹੀ ਸੀ। ਉਨ੍ਹਾਂ ਕੋਲ ਉਹ ਧਰਤੀ ਹੋ ਸਕਦੀ ਸੀ ਜੋ ਉਹ ਚਾਹੁੰਦੇ ਸਨ, ਪਰ ਉਨ੍ਹਾਂ ਨੂੰ ਯਰਦਨ ਦੇ ਪੱਛਮ ਵੱਲ ਜੋ ਇਲਾਕਾ ਸੀ ਉਸ ਉੱਤੇ ਕਬਜ਼ਾ ਕਰਨ ਦੇ ਲਈ ਬਾਕੀ ਗੋਤਾਂ ਦੀ ਮਦਦ ਕਰਨੀ ਪੈਣੀ ਸੀ।

ਇਸੇ ਤਰ੍ਹਾਂ, ਯੁੱਧ ਦੀ ਲੁੱਟ ਦੀ ਵੰਡ ਸਹੀ ਸੀ। ਅੱਧਾ ਹਿੱਸਾ ਯੋਧਿਆਂ ਦੁਆਰਾ ਰੱਖਿਆ ਜਾਣਾ ਸੀ ਅਤੇ ਬਾਕੀ ਅੱਧਾ ਮੰਡਲੀ ਦੇ ਲਈ ਹੋਣਾ ਸੀ ਜਿਸ ਨੇ ਉਨ੍ਹਾਂ ਦੀ ਲੜਾਈ ਵਿਚ ਉਨ੍ਹਾਂ ਦਾ ਸਮਰਥਨ ਕੀਤਾ ਸੀ (31:26, 27)। ਇਸ ਤੋਂ ਇਲਾਵਾ, ਹਰ ਅੱਧ ਦਾ ਕੁਝ ਹਿੱਸਾ ਪਰਮੇਸ਼ੁਰ ਨੂੰ ਦਿੱਤਾ ਗਿਆ ਸੀ (31:28-30)।

ਜਿਨ੍ਹਾਂ ਲੋਕਾਂ ਨੂੰ ਮਾਰਿਆ ਸੀ ਉਨ੍ਹਾਂ ਨਾਲ ਨਿਆਂਪੂਰਨ ਵਿਹਾਰ ਕੀਤਾ ਗਿਆ ਸੀ। ਕਿਸੇ ਖ਼ੂਨੀ ਦੇ ਲਈ ਉਸ ਦੀ ਜਾਨ ਦੇ ਨਾਲ ਆਪਣੇ ਅਪਰਾਧ ਦਾ ਹਰਜਾਨਾ ਭਰਨਾ ਉਚਿਤ ਸੀ, ਪਰ ਇਹ ਬੱਸ ਇਹ ਸੀ ਕਿ ਜਿਸ ਵਿਅਕਤੀ ਨੇ ਕਿਸੇ ਨੂੰ ਅਚਾਨਕ ਮਾਰ ਦਿੱਤਾ ਸੀ ਉਸ ਨੂੰ ਮੌਤ ਦੀ ਸਜ਼ਾ ਨਹੀਂ ਦਿੱਤੀ ਜਾਵੇਗੀ।

ਇਸ ਤਰ੍ਹਾਂ, ਇਸਰਾਏਲ ਨੂੰ ਵਾਅਦਾ ਕੀਤੇ ਹੋਏ ਦੇਸ ਉੱਤੇ ਕਬਜ਼ਾ ਕਰਨ ਅਤੇ ਵੱਸਣ ਤੋਂ ਬਾਅਦ ਇਸ ਤਰ੍ਹਾਂ ਦਿਖਣਾ ਚਾਹੀਦਾ ਸੀ: ਉਨ੍ਹਾਂ ਨੂੰ ਇਕ ਅਜਿਹੀ ਕੌਮ ਦਾ ਗਠਨ ਕਰਨਾ

ਚਾਹੀਦਾ ਸੀ ਜੋ ਲਗਾਤਾਰ ਪਰਮੇਸ਼ੁਰ ਦੀ ਬੰਦਗੀ ਕਰਦੀ ਸੀ ਅਤੇ ਇਕ ਮਨ ਹੋ ਕੇ ਉਸ ਪ੍ਰਤੀ ਸਮਰਪਿਤ ਸੀ - ਨੈਤਿਕ ਅਤੇ ਨੇਕ ਲੋਕ ਜੋ ਸੱਚ ਦੀ ਕਦਰ ਕਰਦੇ ਸਨ, ਮਨੁੱਖੀ ਜੀਵਨ ਦਾ ਸਤਿਕਾਰ ਕਰਦੇ ਸਨ ਅਤੇ ਝੂਠ ਬੋਲਣ ਵਾਲੇ ਨੂੰ ਵੈਰ ਨਾਲ ਕਿਸੇ ਨੂੰ ਮਾਰਨ ਦੇ ਲਈ ਸਜ਼ਾ ਦਿੰਦੇ ਸਨ।

ਅਸੀਂ ਇਨ੍ਹਾਂ ਮੰਗਾਂ ਨੂੰ ਆਪਣੇ ਸਮੇਂ ਵਿਚ ਕਿਵੇਂ ਲਾਗੂ ਕਰੀਏ?

ਯਾਤਰੀਆਂ ਨੇ, 1600 ਵਿਚ, ਅਮਰੀਕਾ ਨੂੰ ਇਕ ਨਵੇਂ ਵਾਅਦਾ ਕੀਤੇ ਹੋਏ ਦੇਸ ਦੇ ਰੂਪ ਵਿਚ ਵੇਖਿਆ ਅਤੇ ਆਪਣੇ ਆਪ ਨੂੰ ਪਰਮੇਸ਼ੁਰ ਦੀ ਪਰਜਾ ਵਜੋਂ ਵੇਖਿਆ। ਉਨ੍ਹਾਂ ਨੇ ਪਰਮੇਸ਼ੁਰ ਦੇ ਰਾਜ ਅਧੀਨ ਇਕ ਰਾਸ਼ਟਰਮੰਡਲ ਸਥਾਪਤ ਕਰਨ ਦੀ ਕੋਸ਼ਿਸ਼ ਕੀਤੀ, ਇਸਰਾਏਲ ਦੀ ਕੌਮ ਵਰਗੀ ਕੋਈ ਚੀਜ਼। ਹਾਲਾਂਕਿ ਕਿਸੇ ਵੀ ਦੇਸ ਦੇ ਕਾਨੂੰਨ ਬਣਾਉਣ ਵਾਲੇ ਇਹ ਯਕੀਨੀ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਇਸ ਦੇ ਕਾਨੂੰਨ ਸਹੀ ਅਤੇ ਨਿਰਪੱਖ ਹਨ ਅਤੇ ਪਰਮੇਸ਼ੁਰ ਦੀ ਵਡਿਆਈ ਕਰ ਰਹੇ ਸਨ, ਪਰ ਅੱਜ ਕੋਈ ਵੀ ਦੁਨਿਆਵੀ ਦੇਸ ਬਾਈਬਲ ਦੇ ਇਸਰਾਏਲ ਦੇ ਬਰਾਬਰ ਨਹੀਂ ਹੈ। ਸਿੱਟੇ ਵਜੋਂ, ਜਦੋਂ ਕਿ ਗਿਣਤੀ ਦੀ ਪੁਸਤਕ ਵਿਚ ਪਾਈਆਂ ਗਈਆਂ ਬਿਧੀਆਂ ਕਿਸੇ ਦੇਸ ਦੇ ਕਾਨੂੰਨਾਂ ਨੂੰ ਬਣਾਉਣ ਵਿਚ ਮਦਦਗਾਰ ਹੋ ਸਕਦੀਆਂ ਹਨ, ਇਨ੍ਹਾਂ ਬਿਧੀਆਂ ਦੀ ਸਭ ਤੋਂ ਉੱਤਮ ਪ੍ਰਾਸੰਗਿਕਤਾ ਕਿਸੇ ਦੁਨਿਆਵੀ ਦੇਸ ਲਈ ਨਹੀਂ ਹੈ। ਪੁਰਾਣੇ ਨੇਮ ਦੀਆਂ ਬਿਧੀਆਂ ਨੂੰ ਅੱਜ ਲੋਕਾਂ ਤੇ ਲਾਗੂ ਕਰਨ ਵਿਚ ਸਭ ਤੋਂ ਵੱਡੀ ਸਮੱਸਿਆ ਇਹ ਖ਼ਤਰਾ ਹੈ ਕਿ ਲੋਕ ਗੈਰ-ਵਿਸ਼ਵਾਸੀਆਂ ਨੂੰ ਪਰਮੇਸ਼ੁਰ ਦੀ ਬੰਦਗੀ ਕਰਨ ਲਈ ਮਜਬੂਰ ਕਰਨ ਦੀ ਕੋਸ਼ਿਸ਼ ਕਰਨਗੇ, ਅਜਿਹੀ ਚੀਜ਼ ਜੋ ਬੀਤੇ ਸਮੇਂ ਵਿਚ ਵਾਪਰੀ ਹੈ। ਪਰਮੇਸ਼ੁਰ ਚਾਹੁੰਦਾ ਹੈ ਕਿ ਅਸੀਂ ਉਸ ਦੀ ਬੰਦਗੀ ਕਰੀਏ, ਪਰ ਉਹ ਇਹ ਵੀ ਚਾਹੁੰਦਾ ਹੈ ਕਿ ਅਸੀਂ ਆਪਣੀ ਮਰਜ਼ੀ ਨਾਲ ਉਸ ਦੇ ਕੋਲ ਆਈਏ।

ਕਿਉਂਕਿ ਅੱਜ ਕਲੀਸੀਆ ਪੁਰਾਣੇ ਨੇਮ ਦੇ ਇਸਰਾਏਲ ਦੇ ਬਰਾਬਰ ਹੈ (ਵੇਖੋ 1 ਪਤਰਸ 2:5, 9), ਪੁਰਾਣੇ ਨੇਮ ਦੀ ਸ਼ਰਾ ਦੇ ਸਿਧਾਂਤ ਨੂੰ ਕਿਸੇ ਵੀ ਖ਼ਾਸ ਕੌਮ ਉੱਤੇ ਲਾਗੂ ਕਰਨ ਨਾਲੋਂ ਕਲੀਸੀਆ ਵਿਚ ਲਾਗੂ ਕਰਨਾ ਵਧੇਰੇ ਉਚਿਤ ਹੋਣਾ ਸੀ। ਦਰਅਸਲ, ਗਿਣਤੀ ਦੀ ਪੁਸਤਕ ਦੇ ਆਖ਼ਰੀ ਅਧਿਆਵਾਂ ਵਿਚ ਵਰਣਨ ਕੀਤੇ ਗਏ ਪਰਮੇਸ਼ੁਰ-ਕੇਂਦਰਿਤ ਸਮਾਜ ਦੇ ਬਹੁਤ ਸਾਰੇ ਗੁਣ ਕਲੀਸੀਆ ਵਿਚ ਵੀ ਸਪੱਸ਼ਟ ਹੋਣੇ ਚਾਹੀਦੇ ਹਨ। ਉਦਾਹਰਣ ਦੇ ਲਈ, ਸਾਨੂੰ ਬੰਦਗੀ ਕਰਨ ਵਾਲਾ ਸਮਾਜ ਹੋਣਾ ਚਾਹੀਦਾ ਹੈ। ਸਾਨੂੰ ਪਰਮੇਸ਼ੁਰ-ਕੇਂਦਰਿਤ ਲੋਕ ਹੋਣਾ ਚਾਹੀਦਾ ਹੈ, ਪਰਮੇਸ਼ੁਰ ਦੀ ਇੱਛਾ ਪੂਰੀ ਕਰਨ ਲਈ ਇਕ ਮਨ ਨਾਲ ਸਮਰਪਿਤ ਹੋਣਾ ਚਾਹੀਦਾ ਹੈ। ਇਕ ਸਮੂਹ ਦੇ ਰੂਪ ਵਿਚ, ਸਾਨੂੰ ਜ਼ਿੰਦਗੀ ਦਾ ਸਤਿਕਾਰ ਕਰਨਾ ਚਾਹੀਦਾ ਹੈ, ਸੱਚਾਈ ਦੀ ਕਦਰ ਕਰਨੀ ਚਾਹੀਦੀ ਹੈ ਅਤੇ ਨਿਆਂ ਦੀ ਪੈਰਵੀ ਕਰਨੀ ਚਾਹੀਦੀ ਹੈ। ਕਲੀਸੀਆ ਦੇ ਅੰਦਰ ਸਾਨੂੰ ਇਕ ਦੂਜੇ ਨਾਲ ਚੰਗਾ ਵਿਹਾਰ ਕਰਨ ਦੀ ਜ਼ਰੂਰਤ ਹੈ। ਅਸੀਂ ਸੱਚ ਬੋਲਣਾ ਹੈ ਅਤੇ ਇਕ ਦੂਜੇ ਪ੍ਰਤੀ ਆਪਣੀਆਂ ਸੁੱਖਣਾਂ ਪੂਰੀਆਂ ਕਰਨੀਆਂ ਹਨ ਅਤੇ ਸਾਨੂੰ ਮਸੀਹ ਵਿਚ ਆਪਣੇ ਭੈਣ ਭਰਾਵਾਂ ਦੇ ਜੀਵਨਾਂ ਦੀ ਕਦਰ ਕਰਨੀ ਚਾਹੀਦੀ ਹੈ।

ਸ਼ਾਇਦ ਗਿਣਤੀ ਦੀ ਪੁਸਤਕ ਦੇ ਅਖ਼ੀਰਲੇ ਅਧਿਆਵਾਂ ਨੂੰ ਲਾਗੂ ਕਰਨ ਦਾ ਸਭ ਤੋਂ ਵਧੀਆ ਤਰੀਕਾ ਹੈ ਆਪਣੇ ਆਪ ਵਿਚ, ਵਿਅਕਤੀਗਤ ਮਸੀਹੀ ਹੋਣ ਦੇ ਨਾਤੇ, ਇਨ੍ਹਾਂ ਵਿਸ਼ੇਸ਼ਤਾਵਾਂ ਨੂੰ ਪ੍ਰਦਰਸ਼ਿਤ ਕਰਨਾ। ਸਾਨੂੰ ਆਪਣੇ ਆਪ ਨੂੰ ਹੇਠਾਂ ਦਿੱਤੇ ਪ੍ਰਸ਼ਨ ਪੁੱਛਣੇ ਚਾਹੀਦੇ ਹਨ:

"ਕੀ ਮੈਂ ਪਰਮੇਸ਼ੁਰ ਦੇ ਪ੍ਰਤੀ ਆਪਣੀ ਭਗਤੀ ਵਿਚ ਇਕ ਮਨ ਹਾਂ, ਜਾਂ ਮੇਰੀ ਵਫ਼ਾਦਾਰੀ ਪਰਮੇਸ਼ੁਰ ਅਤੇ ਸੰਸਾਰ ਵਿਚਕਾਰ ਵੰਡੀ ਹੋਈ ਹੈ?"

"ਕੀ ਮੈਂ ਆਪਣੇ ਜੀਵਨ ਵਿਚ ਕਿਸੇ ਵੀ 'ਮੂਰਤੀਆਂ' ਤੋਂ ਛੁਟਕਾਰਾ ਪਾਉਣ ਬਾਰੇ ਚਿੰਤਤ ਹਾਂ ਜੋ ਪਰਮੇਸ਼ੁਰ ਦੀ ਸੇਵਾ ਵਿਚ ਮੇਰੇ ਲਈ ਰੁਕਾਵਟ ਬਣਦੀਆਂ ਹਨ?"

"ਕੀ ਮੈਂ ਹਮੇਸ਼ਾ ਸੱਚ ਬੋਲਦਾ ਹਾਂ?"

"ਕੀ ਮੈਂ ਮਨੁੱਖੀ ਜੀਵਨ ਦੀ ਕਦਰ ਕਰਦਾ ਹਾਂ, ਇਸ ਭਾਵ ਵਿਚ ਕਿ ਮੈਂ ਸਾਵਧਾਨ ਹਾਂ ਕਿ ਦੂਜੇ ਮਨੁੱਖਾਂ ਨੂੰ ਖ਼ਤਰੇ ਵਿਚ ਪਾਉਣ ਲਈ ਮੈਂ ਕੁਝ ਨਹੀਂ ਕਰਾਂਗਾ?"

"ਕੀ ਮੈਂ ਦੂਜਿਆਂ ਨਾਲ ਪੇਸ਼ ਆਉਣ ਵਿਚ ਨਿਰਪੱਖਤਾ ਵਿਖਾਉਂਦਾ ਹਾਂ?"

ਇਨ੍ਹਾਂ ਪ੍ਰਸ਼ਨਾਂ ਨੂੰ ਸਾਡੇ ਅੰਤਹਕਰਨਾਂ ਨੂੰ ਚੁਭਾਉਣਾ ਚਾਹੀਦਾ ਹੈ ਅਤੇ ਸਾਨੂੰ ਮਸੀਹ ਲਈ ਹੋਰ ਕੁਝ ਕਰਨ ਦਾ ਪੱਕਾ ਇਰਾਦਾ ਕਰਨ ਦੇ ਲਈ ਉਕਸਾਉਣਾ ਚਾਹੀਦਾ ਹੈ।

*ਸਿੱਟਾ*। ਗਿਣਤੀ 26-36 ਵਿਚ, ਪਰਮੇਸ਼ੁਰ ਨੇ ਇਸਰਾਏਲ ਨੂੰ ਇਕ ਤਸਵੀਰ ਦਿੱਤੀ ਜੋ ਉਹ ਚਾਹੁੰਦਾ ਸੀ ਕਿ ਉਹ ਬਣਨ: ਪਰਮੇਸ਼ੁਰ-ਕੇਂਦਰਿਤ ਲੋਕ। ਬਦਕਿਸਮਤੀ ਨਾਲ, ਇਸਰਾਏਲ ਜੇ ਕਦੇ ਨਹੀਂ ਤਾਂ ਘੱਟ ਹੀ ਉਸ ਆਦਰਸ਼ ਦੇ ਅਨੁਸਾਰ ਜੀਉਂਦਾ ਸੀ। ਅੱਜ, ਪਰਮੇਸ਼ੁਰ ਸਾਡੇ ਕੋਲ ਨਵੇਂ ਨੇਮ ਦੇ ਉੱਚੇ ਮਿਆਰਾਂ ਨੂੰ ਰੱਖਦਾ ਹੈ ਜਿਨ੍ਹਾਂ ਦੀ ਉਹ ਸਾਥੋਂ ਉਮੀਦ ਕਰਦਾ ਹੈ ਕਿ ਅਸੀਂ ਉਨ੍ਹਾਂ ਨੂੰ ਪੂਰਾ ਕਰੀਏ। ਉਹ ਚਾਹੁੰਦਾ ਹੈ ਕਿ ਕਲੀਸੀਆ ਅਤੇ ਅਸੀਂ ਵਿਅਕਤੀਗਤ ਮੈਂਬਰਾਂ ਵਜੋਂ, ਪਰਮੇਸ਼ੁਰ-ਕੇਂਦਰਿਤ ਜੀਵਨ ਜੀਈਏ।

### "ਤੁਹਾਡਾ ਸ਼ਾਨਦਾਰ ਨਾਮ ਮੁਬਾਰਕ ਹੋਵੇ"

ਉਜਾੜ ਵਿਚ ਇਸਰਾਏਲ ਦੇ ਤਜ਼ਰਬੇ ਦਾ ਉੱਲੇਖ ਅਤੇ ਪਰਮੇਸ਼ੁਰ ਦੀ ਦੇਖਭਾਲ ਨੇ ਇਸਰਾਏਲ ਦੀਆਂ ਬਾਅਦ ਦੀਆਂ ਪੀੜ੍ਹੀਆਂ ਨੂੰ ਪ੍ਰਭਾਵਤ ਕੀਤਾ। ਨਹਮਯਾਹ ਦੇ ਦਿਨਾਂ ਵਿਚ, ਜਦੋਂ ਇਸਰਾਏਲ ਦੀ ਅੰਸ ਆਪਣੇ ਪਾਪਾਂ ਦਾ ਇਕਰਾਰ ਕਰ ਰਹੀ ਸੀ, ਬਹੁਤ ਸਾਰੇ ਲੇਵੀਆਂ ਨੇ ਉਜਾੜ ਵਿਚ ਉਸ ਤਰੀਕੇ ਦੇ ਲਈ ਪਰਮੇਸ਼ੁਰ ਨੂੰ ਭੇਟ ਦਿੱਤੀ ਜਿਸ ਤਰੀਕੇ ਨਾਲ ਉਸ ਨੇ ਇਸਰਾਏਲੀਆਂ ਨੂੰ ਪਿਆਰ ਕੀਤਾ ਅਤੇ ਉਨ੍ਹਾਂ ਦੀ ਦੇਖਭਾਲ ਕੀਤੀ ਸੀ। ਉਨ੍ਹਾਂ ਨੇ ਪਰਮੇਸ਼ੁਰ ਦੀ ਉਸਤਤ ਦਾ ਇਕ ਗੀਤ ਗਾਇਆ ਜਿਸ ਵਿਚ ਹੇਠ ਲਿਖੀਆਂ ਗੱਲਾਂ ਸ਼ਾਮਲ ਹਨ:

> ਅਤੇ ਤੈਂ ਉਨ੍ਹਾਂ ਨੂੰ ਅਕਾਸ਼ ਤੋਂ ਉਨ੍ਹਾਂ ਦੀ ਭੁੱਖ ਲਈ ਰੋਟੀ ਦਿੱਤੀ ਅਤੇ ਉਨ੍ਹਾਂ ਦੀ ਤਿਹਾ ਲਈ ਚਟਾਨ ਵਿੱਚੋਂ ਪਾਣੀ ਕੱਢਿਆ ਅਤੇ ਉਨ੍ਹਾਂ ਨੂੰ ਆਖਿਆ ਕਿ ਓਹ ਉਸ ਧਰਤੀ ਉੱਤੇ ਕਬਜ਼ਾ ਕਰਨ ਲਈ ਜਾਣ ਜਿਹ ਦੇ ਉਨ੍ਹਾਂ ਨੂੰ ਦੇਣ ਦੀ ਸੌਂਹ ਤੈਂ ਖਾਧੀ ਸੀ। ਪਰ ਉਨ੍ਹਾਂ ਨੇ ਤੇ ਸਾਡੇ ਪਿਉ ਦਾਦਿਆਂ ਨੇ ਹੰਕਾਰ ਕੀਤਾ ਅਤੇ ਆਪਣੀਆਂ ਧੌਣਾਂ ਅਕੜਾ ਲਈਆਂ ਅਤੇ ਉਨ੍ਹਾਂ ਨੇ ਤੇਰੇ ਹੁਕਮਾਂ ਨੂੰ ਨਾ ਸੁਣਿਆ। ਅਤੇ ਉਨ੍ਹਾਂ ਨੇ ਸੁਣਨ ਤੋਂ ਇਨਕਾਰ ਕੀਤਾ ਅਤੇ ਤੇਰੇ ਅਸਚਰਜ ਕੰਮਾਂ ਨੂੰ ਜਿਹੜੇ ਤੈਂ ਉਨ੍ਹਾਂ ਵਿੱਚ ਕੀਤੇ ਚੇਤੇ ਨਾ ਰੱਖਿਆ ਪਰ ਆਪਣੀਆਂ ਧੌਣਾਂ ਅਕੜਾ ਲਿਆ ਅਤੇ ਉਨ੍ਹਾਂ ਨੇ ਆਪਣੇ ਆਕੀਪੁਨੇ ਵਿੱਚ ਇੱਕ ਮੁਖੀਆ ਬਣਾਇਆ ਜੋ ਉਨ੍ਹਾਂ ਨੂੰ ਮੁੜ ਗੁਲਾਮੀ ਵਿੱਚ ਲਿਆਵੇ ਪਰ ਤੂੰ ਇੱਕ ਖਿਮਾ ਕਰਨ ਵਾਲਾ ਪਰਮੇਸ਼ੁਰ ਹੈਂ, ਦਿਆਲੂ ਤੇ ਕਿਰਪਾਲੂ ਹੈਂ ਅਤੇ ਕਹਿਰ ਵਿੱਚ ਧੀਰਜਵਾਨ ਅਤੇ ਨੇਕੀ ਨਾਲ ਭਰਪੂਰ ਹੈਂ ਸੋ ਤੂੰ ਉਨ੍ਹਾਂ ਨੂੰ ਵਿਸਾਰਿਆ ਨਹੀਂ। ਹਾਂ, ਜਦ ਉਨ੍ਹਾਂ ਨੇ ਆਪਣੇ ਲਈ ਇੱਕ ਢਾਲਿਆ ਹੋਇਆ ਵੱਛਾ ਬਣਾਇਆ ਅਤੇ ਆਖਿਆ, ਏਹ ਤੇਰਾ ਪਰਮੇਸ਼ੁਰ ਹੈ ਜਿਹੜਾ ਤੈਨੂੰ ਮਿਸਰ ਵਿੱਚੋਂ ਉਤਾਹਾਂ ਲਿਆਇਆ! ਅਤੇ ਉਨ੍ਹਾਂ ਨੇ ਛੇੜ ਖਾਨੀ ਦੇ ਵੱਡੇ ਵੱਡੇ ਕੰਮ ਕੀਤੇ। ਤਦ ਵੀ ਤੈਂ ਆਪਣੀ ਬਹੁਤੀ ਦਿਆਲਤਾ ਵਿੱਚ ਉਨ੍ਹਾਂ ਨੂੰ ਉਜਾੜ ਵਿੱਚ ਨਹੀਂ ਤਿਆਗਿਆ। ਦਿਨ ਨੂੰ ਬੱਦਲ ਦਾ ਥੰਮ੍ਹ ਰਾਹ ਵਿੱਚ ਉਨ੍ਹਾਂ ਦੀ ਅਗਵਾਈ ਕਰਨ ਤੋਂ ਅਤੇ ਰਾਤ ਨੂੰ ਅੱਗ ਦਾ ਥੰਮ੍ਹ ਉਨ੍ਹਾਂ ਦੇ ਰਾਹ ਵਿੱਚ ਚਾਨਣ ਦੇਣ ਤੋਂ ਅੱਡ ਨਾ ਹੋਇਆ। ਅਤੇ ਤੈਂ ਆਪਣੀ ਨੇਕ ਆਤਮਾ ਉਨ੍ਹਾਂ ਦੀ ਸਿਖਸ਼ਾ ਲਈ ਦਿੱਤੀ ਅਤੇ ਆਪਣਾ ਮੰਨ ਉਨ੍ਹਾਂ ਦੇ ਮੂੰਹ ਤੋਂ ਨਾ ਰੋਕਿਆ ਅਤੇ ਜਲ ਉਨ੍ਹਾਂ ਦੀ ਤਿਹਾ ਲਈ ਦਿੱਤਾ। ਚਾਲੀ ਵਰ੍ਹੇ ਤੈਂ

ਉਨ੍ਹਾਂ ਦੀ ਉਜਾੜ ਵਿੱਚ ਪਾਲਨਾ ਕੀਤੀ ਅਤੇ ਉਨ੍ਹਾਂ ਨੂੰ ਕਿਸੇ ਚੀਜ਼ ਦੀ ਥੁੜੋਂ ਨਾ ਰਹੀ ਨਾ ਉਨ੍ਹਾਂ ਦੇ ਕੱਪੜੇ ਪੁਰਾਨੇ ਹੋਏ ਨਾ ਉਨ੍ਹਾਂ ਦੇ ਪੈਰ ਸੁੱਜੇ। ਹੋਰ ਤੂੰ ਉਨ੍ਹਾਂ ਨੂੰ ਪਾਤਸ਼ਾਹੀਆਂ ਅਤੇ ਉੱਮਤਾਂ ਬਖ਼ਸ਼ੀਆਂ ਜਿਨ੍ਹਾਂ ਨੂੰ ਤੈਂ ਉਨ੍ਹਾਂ ਦੇ ਹਿੱਸਿਆਂ ਪਰਤੀ ਵੰਡ ਦਿੱਤਾ ਸੋ ਉਨ੍ਹਾਂ ਨੇ ਸੀਹੋਨ ਦੇ ਦੇਸ ਉੱਤੇ ਅਰ ਹਸ਼ਬੋਨ ਦੇ ਪਾਤਸ਼ਾਹ ਦੇ ਦੇਸ ਉੱਤੇ ਅਤੇ ਬਾਸ਼ਾਨ ਦੇ ਪਾਤਸ਼ਾਹ ਓਗ ਦੇ ਦੇਸ ਉੱਤੇ ਕਬਜ਼ਾ ਕਰ ਲਿਆ। ਅਤੇ ਤੂੰ ਉਨ੍ਹਾਂ ਦੀ ਵੰਸ਼ ਨੂੰ ਅਕਾਸ਼ ਦੇ ਤਾਰਿਆਂ ਵਾਂਙੁ ਵਧਾਇਆ ਅਤੇ ਉਨ੍ਹਾਂ ਨੂੰ ਉਸ ਦੇਸ ਵਿੱਚ ਲਿਆਂਦਾ ਜਿਹਦੇ ਲਈ ਉਨ੍ਹਾਂ ਦੇ ਪਿਉ ਦਾਦਿਆਂ ਨੂੰ ਆਖਿਆ ਸੀ ਕਿ ਓਹ ਜਾ ਕੇ ਉਸ ਦੇ ਉੱਤੇ ਕਬਜ਼ਾ ਕਰਨ (ਨਹਮਯਾਹ 9:15-23)।

ਪਰਮੇਸ਼ੁਰ ਮਹਾਨ ਅਤੇ ਸ਼ਕਤੀਸ਼ਾਲੀ, ਚੰਗਾ ਅਤੇ ਦਿਆਲੂ, ਦੇਖਭਾਲ ਕਰਨ ਵਾਲਾ ਅਤੇ ਪਿਆਰ ਕਰਨ ਵਾਲਾ ਹੈ। ਆਓ ਅਸੀਂ ਉਸ ਦਾ ਧੰਨਵਾਦ ਅਤੇ ਉਸ ਦੀ ਉਸਤਤ ਕਰੀਏ!

---

## ਟਿੱਪਣੀਆਂ

[1]ਦ ਹੋਲੀ ਸਕਜਰਪਚਰਸ ਵਿਦ ਕਮੈਂਟਰੀ (ਫਿਲਾਡੈਲਫੀਆ: ਜਿਊਇਸ਼ ਪਬਲੀਕੇਸ਼ਨ ਸੋਸਾਇਟੀ ਆਫ਼ ਅਮੈਰੀਕਾ, 1939) ਵਿਚ ਸਫ਼ਾ 362 ਤੇ ਜੂਲੀਅਸ ਐਚ. ਗਰੀਨਸਟੋਨ , *ਗਿਣਤੀ*। [2]ਡਬਲਿਯੂ. ਐਚ. ਬੈਲਿੰਗਰ, ਜੂਨੀਅਰ, *ਲੇਵੀਆਂ ਦੀ ਪੋਥੀ, ਗਿਣਤੀ*, ਨਿਊ ਇੰਟਰਨੈਸ਼ਨਲ ਬਿਬਲੀਕਲ ਕਮੈਂਟਰੀ (ਪੀਬੌਡੀ, ਮਾਸਾਚੁਸੈਟਸ: ਹੈਂਡਰਿਕਸਨ ਪਬਲਿਸ਼ਰਜ਼, 2001), 318. [3]*ਦਿ ਆਈਵੀਪੀ ਬਾਈਬਲ ਬੈਕਗਰਾਊਂਡ ਕਮੈਂਟਰੀ: ਓਲਡ ਟੈਸਟਾਮੈਂਟ* (ਡਾਊਨਰਸ ਗਰੋਵ, ਇਲੀਨੋਇਸ: ਇੰਟਰਵਰਸਿਟੀ ਪ੍ਰੈਸ, 2000) ਜੌਨ ਐਚ. ਵਾਲਟਨ, ਵਿਕਟਰ ਐਚ. ਮੈਥਿਊਜ ਅਤੇ ਮਾਰਕ ਡਬਲਿਯੂ. ਚਾਵਾਲਸ, 170. [4]ਸੰਪਾਦਨ*, ਦਿ ਆਈਵੀਪੀ ਵੂਮੈਨਜ ਬਾਈਬਲ ਕਮੈਂਟਰੀ* (ਡਾਊਨਰਸ ਗਰੋਵ, ਇਲੀਨੋਇਸ: ਇੰਟਰਵਰਸਿਟੀ ਪ੍ਰੈਸ, 2002) ਕੈਥਰੀਨ ਕਲਾਰਕ ਕਰੋਗਰ ਅਤੇ ਮੈਰੀ ਜੇ. ਈਵੈਂਸ, 81. [5]ਦ ਜੇਪੀਐਸ ਟੋਰਾਹ ਕਮੈਂਟਰੀ (ਫਿਲਾਡੈਲਫੀਆ: ਜਿਊਇਸ਼ ਪਬਲੀਕੇਸ਼ਨ ਸੋਸਾਇਟੀ, 1990) ਜੇਕਬ ਮਿਲਗਰੋਮ ਦੀ ਪੁਸਤਕ ਵਿਚ ਸਫ਼ਾ 230 ਤੇ *ਗਿਣਤੀ* ਹੈ।